# ਰਾਵਣ ਨੇ ਉਡਾਇਆ ਸੀ ਪਹਿਲਾ ਜਹਾਜ਼! ਸ਼੍ਰੀਲੰਕਾ 5 ਸਾਲ 'ਚ ਕਰੇਗਾ ਸਾਬਤ



ਸ਼੍ਰੀਲੰਕਾ/ ਧੰਨਵਾਦ ਸਹਿਤ: ਪੰਜਾਬ ਗਾਰਡੀਅਨ

ਸ਼੍ਰੀਲੰਕਾ ਦੀ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਪੰਜ ਹਜ਼ਾਰ ਸਾਲ ਪਹਿਲਾਂ ਰਾਵਣ ਨੇ ਪਹਿਲੀ ਵਾਰ ਜਹਾਜ਼ ਦੀ ਵਰਤੋਂ ਕੀਤੀ ਸੀ। ਹਾਲ ਹੀ ਵਿੱਚ ਸ਼੍ਰੀਲੰਕਾ ਸਰਕਾਰ ਨੇ ਇੱਕ ਇਸ਼ਤਿਹਾਰ ਜਾਰੀ ਕੀਤਾ ਹੈ ਜਿਸ ਵਿੱਚ ਲੋਕਾਂ ਨੂੰ ਰਾਵਣ ਨਾਲ ਸਬੰਧਤ ਦਸਤਾਵੇਜ਼ ਸਾਂਝੇ ਕਰਨ ਲਈ ਕਿਹਾ ਗਿਆ ਹੈ। ਸ਼੍ਰੀਲੰਕਾ ਨੇ ਰਾਵਣ ਬਾਰੇ ਨਵੀਂ ਬਹਿਸ ਸ਼ੁਰੂ ਕਰ ਦਿੱਤੀ ਹੈ।

ਸ਼੍ਰੀਲੰਕਾ ਦੀ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਪੰਜ ਹਜ਼ਾਰ ਸਾਲ ਪਹਿਲਾਂ ਰਾਵਣ ਨੇ ਪਹਿਲੀ ਵਾਰ ਜਹਾਜ਼ ਦੀ ਵਰਤੋਂ ਕੀਤੀ ਸੀ। ਹਾਲ ਹੀ ਵਿੱਚ ਸ਼੍ਰੀਲੰਕਾ ਸਰਕਾਰ ਨੇ ਇੱਕ ਇਸ਼ਤਿਹਾਰ ਜਾਰੀ ਕੀਤਾ ਹੈ ਜਿਸ ਵਿੱਚ ਲੋਕਾਂ ਨੂੰ ਰਾਵਣ ਨਾਲ ਸਬੰਧਤ ਦਸਤਾਵੇਜ਼ ਸਾਂਝੇ ਕਰਨ ਲਈ ਕਿਹਾ ਗਿਆ ਹੈ।

ਸ੍ਰੀ ਲੰਕਾ ਦੀ ਸਰਕਾਰ ਨੇ ਇਸ਼ਤਿਹਾਰ 'ਚ ਕਿਹਾ ਹੈ ਕਿ ਅਸੀਂ ਰਾਵਣ ਨਾਲ ਜੁੜੇ ਦਾਅਵਿਆਂ ਦੀ ਡੂੰਘਾਈ ਨਾਲ ਖੋਜ ਕਰਨਾ ਚਾਹੁੰਦੇ ਹਾਂ ਤੇ ਸਾਰਿਆਂ ਨੂੰ ਇਹ ਸਾਬਤ ਕਰਨਾ ਚਾਹੁੰਦੇ ਹਾਂ ਕਿ ਰਾਵਣ ਨੇ ਦੁਨੀਆ ਦੇ ਪਹਿਲੇ ਜਹਾਜ਼ 'ਤੇ ਉਡਾਣ ਭਰੀ ਸੀ।

ਸਾਲ 2016 ਵਿੱਚ ਕੋਲੰਬੋ ਵਿੱਚ ਕਰਵਾਈ ਨਾਗਰਿਕ ਹਵਾਬਾਜ਼ੀ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਾਬਕਾ ਹਵਾਬਾਜ਼ੀ ਮੰਤਰੀ ਨਿਰਮਲਾ ਸਿਰੀਪਾਲਾ ਨੇ ਕਿਹਾ ਕਿ ਭਾਵੇਂ ਆਧੁਨਿਕ ਹਵਾਬਾਜ਼ੀ ਦਾ ਇਤਿਹਾਸ ਰਾਈਟ ਬ੍ਰਦਰਜ਼ ਤੋਂ ਆਰੰਭ ਹੋਇਆ ਸੀ, ਪਰ ਰਾਵਣ ਸ੍ਰੀਲੰਕਾ ਦਾ ਬਹਾਦਰ ਰਾਜਾ ਸੀ, ਜੋ ਦਾਂਦੂ ਮੋਨਾਰਾ ਨਾਮ ਦਾ ਜਹਾਜ਼ ਉਡਾਉਂਦਾ ਸੀ। ਸ਼੍ਰੀਲੰਕਾ ਦੀ ਸਿਵਲ ਹਵਾਬਾਜ਼ੀਅਥਾਰਟੀ ਦੇ ਸਾਬਕਾ ਮੀਤ ਪ੍ਰਧਾਨ ਸ਼ਸ਼ੀਦਾਨੁਤੰਜ ਨੇ ਕਿਹਾ ਕਿ ਦੁਨੀਆ ਦਾ ਪਹਿਲਾ ਜਹਾਜ਼ ਰਾਵਣਨੇ ਉਡਾਇਆ ਸੀ, ਸਾਡੇ ਕੋਲ ਇਸ ਨੂੰ ਸਾਬਤ ਕਰਨ ਲਈ ਬਹੁਤ ਸਾਰੇ ਤੱਥ ਹਨ। ਅਸੀਂ ਅਗਲੇ ਪੰਜ ਸਾਲ 'ਚ ਇਸ ਗੱਲ ਨੂੰ ਸਾਬਤ ਕਰ ਦਵਾਂਗੇ।



# ਹਰਿਆਣਾ 'ਚ ਕੈਨੇਡਾ ਭੇਜਣ ਦੇ ਨਾਂ 'ਤੇ 4.5 ਲੱਖ ਦੀ ਠੱਗੀ




ਯਮੁਨਾਨਗਰ/ ਬਿਓਰੋ

ਹਰਿਆਣਾ ਦੇ ਯਮੁਨਾਨਗਰ ਵਿੱਚ ਅਮਾਦਲਪੁਰ ਵਾਸੀ ਯੋਗਿੰਦਰ ਸਿੰਘ ਤੇ ਆਜ਼ਾਦ ਨਗਰ ਵਾਸੀ ਸਤਿੰਦਰ ਕੁਮਾਰ ਨਾਲ ਕੈਨੇਡਾ ਭੇਜਣ ਦੇ ਨਾਂ 'ਤੇ ਲਗਭਗ ਸਾਢੇ ਚਾਰ (4.5) ਲੱਖ ਰੁਪਏ ਦੀ ਠੱਗੀ ਵੱਜਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਠੱਗਾਂ ਦਾ ਦਫ਼ਤਰ ਯਮੁਨਾਨਗਰ ਵਿੱਚ ਹੀ ਗੋਬਿੰਦਪੁਰੀ ਰੋਡ 'ਤੇ ਖੋਲਿਆ ਹੋਇਆ ਸੀ। ਠੱਗੀਆ ਮਾਰਣ ਤੋਂ ਬਾਅਦ ਦਫ਼ਤਰ ਬੰਦ ਹੈ ਕਰਕੇ ਫਰਾਰ ਹੋ ਗਏ। ਪੁਲਿਸ ਨੇ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਪੁਲਿਸ ਨੂੰ ਦਿੱਤੀ ਸ਼ਿਕਾਇਤ ਮੁਤਾਬਕ ਯੋਗਿੰਦਰ ਤੇ ਸਤਿੰਦਰ ਦੋਵੇਂ ਦੋਸਤ ਕੈਨੇਡਾ ਜਾਣਾ ਚਾਹੁੰਦੇ ਸਨ ਜਿਸ ਲਈ ਉਨ੍ਹਾਂ ਨੇ ਸਨਰਾਈਜ਼ ਇੰਮੀਗ੍ਰੇਸ਼ਨ ਸੈਂਟਰ ਦਾ ਇਸ਼ਤਿਹਾਰ ਦੇਖ ਕੇ ਗੋਬਿੰਦਪੁਰੀ ਰੋਡ 'ਤੇ ਪਹੁੰਚ ਗਏ ਅਤੇ ਇਸ ਸਬੰਧ ਵਿੱਚ ਗੱਲ ਕੀਤੀ। ਜਿਥੇ ਉਨ੍ਹਾਂ ਨੇ ਕੈਥਲ ਦੇ ਵਾਸੀ ਲਕਸ਼ਮੀ ਨਾਰਾਇਣ, ਸਿਰਸਾ ਦੇ ਪਿੰਡ ਥਿਰਾਜ ਵਾਸੀ ਸਿਮਰਜੀਤ ਸਿੰਘ, ਔਗਦ ਵਾਸੀ ਬਿੱਟੂ, ਸ਼ੁਭਮ, ਪੰਜਾਬ ਦੇ ਬਰਨਾਲਾ ਦੇ ਪਿੰਡ ਹੰਡਾਇਆ ਵਾਸੀ ਗਗਨਦੀਪ ਸਿੰਘ ਤੇ ਗੋਬਿੰਦਰਪੁਰੀ ਵਾਸੀ ਨੀਰਜ ਕੁਮਾਰ ਨਾਲ ਗਤਲਬਾਤ ਕੀਤੀ।

ਠੱਗਾਂ ਨੇ ਪ੍ਰਤੀ ਵਿਅਕਤੀ 10 ਲੱਖ ਰੁਪਏ ਦਾ ਖਰਚ ਆਉਣ ਦੀ ਗੱਲ ਕੀਤੀ। ਜਿਸ 'ਤੇ ਯੋਗਿੰਦਰ ਸਿੰਘ ਤੇ ਸਤਿੰਦਰ ਕੁਮਾਰ ਤਿਆਰ ਹੋ ਗਏ। ਸਭ ਤੋਂ ਪਹਿਲਾਂ ਉਨ੍ਹਾਂ ਨੇ ਯੋਗਿੰਦਰ ਤੇ ਸਤਿੰਦਰ ਨੂੰ ਮੈਡੀਕਲ ਕਰਾਉਣ ਲਈ ਕਿਹਾ। ਉਸ ਦੇ ਲਈ 50-50 ਹਜ਼ਾਰ ਰੁਪਏ ਮੰਗੇ ਗਏ। ਪੈਸੇ ਲੈਣ ਬਾਅਦ ਉਨ੍ਹਾਂ ਦਾ ਮੋਹਾਲੀ ਦੀ ਇੱਕ ਲੈਬ 'ਚ ਮੈਡੀਕਲ ਕਰਵਾਇਆ।

ਕੁੱਝ ਦਿਨ੍ਹਾ ਬਾਅਦ ਯੋਗਿੰਦਰ ਸਿੰਘ ਤੇ ਸਤਿੰਦਰ ਕੁਮਾਰ ਨੂੰ ਫਾਇਲ ਲਾਉਣ ਲਈ ਕਿਹਾ ਗਿਆ ਅਤੇ 6 ਅਕਤੂਬਰ 2019 ਨੂੰ ਉਨ੍ਹਾਂ ਕੋਲੋਂ ਇੱਕ-ਇੱਕ ਲੱਖ ਰੁਪਿਆ ਹੋਰ ਲੈ ਲਿਆ। ਕੁਝ ਦਿਨਾਂ ਬਾਅਦ ਉਨ੍ਹਾਂ ਵਰਕ ਪਰਮਿਟ ਲੈਟਰ ਦਿਖਾ ਕੇ 99 ਹਜ਼ਾਰ 600 ਰੁਪਏ ਜਮ੍ਹਾ ਕਰਵਾ ਲਏ ਗਏ। ਇਹ ਪੈਸਾ ਨੀਰਜ ਕੁਮਾਰ ਦੇ ਖਾਤੇ ਵਿੱਚ ਜਮ੍ਹਾ ਕਰਵਾਇਆ ਗਿਆ।

ਪੈਸੇ ਲੈਣ ਬਾਅਦ ਯੋਗਿੰਦਰ ਸਿੰਘ ਤੇ ਸਤਿੰਦਰ ਕੁਮਾਰ ਦੇ ਪਾਸਪੋਰਟ ਲੈ ਲਏ ਗਏ ਅਤੇ ਕੁੱਝ ਦਿਨਾਂ ਵਿੱਚ ਉਨ੍ਹਾਂ ਦਾ ਵੀਜ਼ਾ ਲਵਾਉਣ ਦਾ ਭਰੋਸਾ ਦਿੱਤਾ ਗਿਆ। ਪਰ ਜਦ ਲਗਭਗ ਇੱਕ ਮਹੀਨੇ ਬਾਅਦ ਯੋਗਿੰਦਰ ਤੇ ਸਤਿੰਦਰ 6 ਨਵੰਬਰ ਨੂੰ ਇਨ੍ਹਾਂ ਏਜੰਟਾਂ ਦੇ ਦਫ਼ਤਰ ਗਏ ਤਾਂ ਉੱਥੇ ਜਿੰਦਰਾ ਲੱਗਾ ਹੋਇਆ ਸੀ। ਪੁਲਿਸ ਨੇ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

Bombay Bhel restaurant®
2525 Hampshire Gate
(Dundas and Winston Churchill)
Oakville, Ontario. L6H 6CB
905.829.1040
www.bombaybhelrestaurant.com

## ਲੇਖਕ ਸਹਿਬਾਨ ਨੋਟ ਕਰਨ

ਮਹਿਕ ਵਤਨ ਦੀ ਲਾਈਵ ਵੱਲੋਂ ਵੈਬਸਾਈਟ ਐਡੀਸ਼ਨ ਤੇ

**ਖੇਤੀ ਬਾੜੀ ਅਤੇ ਸਿਖਿਆ ਸੰਸਾਰ**

ਕਾਲਮ ਸ਼ੁਰੂ ਕੀਤਾ ਗਿਆ ਹੈ।

ਖੇਤੀ ਬਾੜੀ ਅਤੇ ਸਿਖਿਆ ਸੰਸਾਰ ਨਾਲ ਸਬੰਧਤ ਮੈਟਰ ਹੇਠ ਦਿੱਤੇ ਈ-ਮੇਲ ਅਡਰੈਸ ਤੇ ਭੇਜ ਸਕਦੇ ਹੋ।

chief_editor@mehakwatandilive.com
or mehakwattandi@rediffmail.com




'ਮਹਿਕ ਵਤਨ ਦੀ ਲਾਈਵ'
ਰੋਜਾਨਾ ਆਨਲਾਈਨ ਅਖਬਾਰ ਦੇ ਹੋਏ
90,000
ਤੋਂ ਵੱਧ ਪਾਠਕ!




ਜਲਦੀ ਹੀ ਕਰ ਜਾਵਾਂਗੇ ਇੱਕ ਲੱਖ ਦਾ ਆਂਕੜਾ ਪਾਰ...

ਸਮੂੰਹ ਪਾਠਕਾਂ ਦਾ ਹਾਰਦਿਕ ਧੰਨਵਾਦ!




Help Line: 9988-92-9988

'ਮਹਿਕ ਵਤਨ ਦੀ ਲਾਈਵ' ਆਨਲਾਈਨ ਅਖਬਾਰ ਅਤੇ ਮਾਸਿਕ ਮੈਗਜੀਨ ਵਿੱਚ ਬਹੁਤ ਥੋੜੇ ਖਰਚ ਤੇ ਆਪਣੇ ਇਸ਼ਤਿਹਾਰ ਦੇ ਕੇ ਜਿਆਦਾ ਲਾਭ ਪ੍ਰਾਪਤ ਕਰੋ ਜੀ।




'ਮਹਿਕ ਵਤਨ ਦੀ ਲਾਈਵ' ਰੋਜਾਨਾ ਆਨਲਾਈਨ ਅਖਬਾਰ ਪੜ੍ਹਨ ਲਈ ਕਲਿੱਕ ਕਰੋ:
www.mehakwatandilive.com